# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/38248-50
ਮਿਤੀ,ਚੰਡੀਗੜ੍ਹ 21 ਮਈ 2010

ਵਿਸ਼ਾ:- ਸਮੂਹ ਸਕੂਲਾਂ ਵਿੱਚ ਸਾਰੇ ਵਿਸ਼ਿਆਂ ਦਾ ਗਰਮੀ ਦੀਆਂ ਛੁੱਟੀਆਂ ਦੇ ਕੰਮ ਦੇਣ ਬਾਰੇ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਹੋ ਰਹੀਆਂ ਹਨ। ਪਰ ਛੁੱਟੀਆਂ ਦੌਰਾਨ ਇਹ ਜਰੂਰੀ ਬਣਦਾ ਹੈ ਕਿ ਵਿਦਿਆਰਥੀ ਆਪਣੀ ਪੜ੍ਹਾਈ ਨਾਲ ਜੁੜਿਆ ਰਹੇ ਅਤੇ ਆਲੇ-ਦੁਆਲੇ ਤੋਂ ਵੀ ਅਸਿੱਧੇ ਤੌਰ ਤੇ ਕੁੱਝ ਨਾ ਕੁੱਝ ਸਿਖਦਾ ਰਹੇ, ਇਸ ਲਈ ਹਰ ਸਕੂਲ ਦੇ ਮੁੱਖੀ ਅਤੇ ਵਿਸ਼ਾ ਅਧਿਆਪਕ ਯਕੀਨੀ ਬਣਾਏ ਕਿ ਛੁੱਟੀਆਂ ਦਾ ਕੰਮ ਹਰ ਵਿਦਿਆਰਥੀ ਨੂੰ ਨੋਟ ਕਰਵਾਇਆ ਜਾਵੇ ਅਤੇ ਛੁੱਟੀਆਂ ਤੋਂ ਬਾਅਦ ਇਸ ਨੂੰ ਚੈੱਕ ਕੀਤਾ ਜਾਵੇ।

3.0 ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੀਆਂ ਸਾਰੀਆਂ ਜਮਾਤਾਂ ਲਈ ਛੁੱਟੀਆਂ ਦਾ ਕੰਮ ਹੇਠ ਅਨੁਸਾਰ ਲਿਖੇ ਅਨੁਸਾਰ ਦਿੱਤਾ ਜਾ ਸਕਦਾ ਹੈ:-

ੳ. ਛੁੱਟੀਆਂ ਦਾ ਕੰਮ ਅਪ੍ਰੈਲ, ਮਈ ਵਿੱਚ ਕਰਵਾਏ ਗਏ ਸਿਲੇਬਸ ਵਿੱਚੋਂ ਅਭਿਆਸ ਪੁਸਤਕਾਂ ਤੇ ਕਰਨ ਲਈ ਵਿਦਿਆਰਥੀਆ ਨੂੰ ਪ੍ਰੇਰਿਤ ਕੀਤਾ ਜਾਵੇ।

ਅ. ਗਣਿਤ ਵਿਸ਼ੇ ਲਈ ਅਪ੍ਰੈਲ, ਮਈ ਦੇ ਸਿਲੇਬਸ ਵਿੱਚ ਆਉਂਦੇ ਕੁੱਝ ਕ੍ਰਿਆਵਾਂ ਅਧਾਰਿਤ ਛੁੱਟੀਆਂ ਦਾ ਕੰਮ ਵੀ ਦਿੱਤਾ ਜਾਵੇ।ਜਿਵੇਂ ਕਿ ਚਾਰਟ ਬਣਾਉਣਾ, ਦੈਨਿਕ ਜੀਵਨ ਵਿੱਚੋਂ ਗਣਿਤ ਵਿਸ਼ੇ ਦੇ ਪ੍ਰਯੋਗ ਦੀਆਂ ਦਸ-ਦਸ ਉਦਾਹਰਣਾਂ ਵਿਦਿਆਰਥੀਆਂ ਨੂੰ ਨੋਟ ਕਰਨ ਲਈ ਕਿਹਾ ਜਾਵੇ।

ੲ. ਸਾਇੰਸ ਵਿਸ਼ੇ ਦੇ ਸਬੰਧਤ ਚਾਰਟ ਜਾਂ ਕੋਈ ਛੋਟਾ ਜਿਹਾ ਪ੍ਰੋਜੈਕਟ, ਕੋਲੈਕਸ਼ਨ ਆਦਿ ਜਾਂ ਸਾਇੰਸ ਪ੍ਰਤੀ ਕੋਈ ਦਿਲਸਚਪ ਖਬਰਾਂ ਜਾਂ ਸਾਇੰਸ ਦੀਆਂ ਨਵੀਆਂ ਖੋਜਾਂ ਬਾਰੇ ਸੂਚਨਾ ਇੱਕਠੀ ਕੀਤੀ ਜਾਵੇ।

ਸ.	ਰੋਜ਼ਾਨਾ ਅਖਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਕੋਈ ਇੱਕ ਖ਼ਬਰ ਦਾ ਹੈਡਿੰਗ ਵੱਖਰੀ ਕਾਪੀ ਤੇ ਨੋਟ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਸੁੰਦਰ ਲਿਖਾਈ ਲਿਖਣ ਵਾਸਤੇ ਵੱਖਰੀ ਕਾਪੀ ਤੇ ਕੰਮ ਵੀ ਦਿੱਤਾ ਜਾ ਸਕਦਾ ਹੈ।

ਹ.	ਜੇਕਰ ਵਿਦਿਆਰਥੀ ਛੁੱਟੀਆਂ ਵਿੱਚ ਕਿਧਰੇ ਘੁੰਮਣ ਗਿਆ ਹੋਵੇ ਤਾਂ ਉੱਥੋਂ ਦੀ ਭੂਗੋਲਿਕ ਸਥਿਤੀ, ਮਿੱਟੀ ਦੀਆਂ ਕਿਸਮਾਂ, ਉੱਥੋਂ ਦੇ ਚੱਲ ਰਹੇ ਪ੍ਰਚਲਿਤ ਧੰਦਿਆਂ, ਸਭਿਆਚਾਰ ਆਦਿ ਬਾਰੇ ਤੱਥ ਇੱਕਠੇ ਕਰਕੇ ਉਸ ਨੂੰ ਇਸ ਸਬੰਧੀ ਲਿਖ ਕੇ ਲਿਆਉਣ ਲਈ ਕਿਹਾ ਜਾਵੇ।

ਕ.	ਇਸ ਸਬੰਧੀ ਵਿਦਿਆਰਥੀਆਂ ਨੂੰ ਇਹ ਜਰੂਰ ਦੱਸਿਆ ਜਾਵੇ ਕਿ ਛੁੱਟੀਆਂ ਲਈ ਦਿੱਤੇ ਕੰਮ ਅਤੇ ਘਰੇ ਦਿੱਤੇ ਜਾਣ ਵਾਲੇ ਕੰਮ ਦਾ ਮੁਲਾਂਕਣ ਉਨ੍ਹਾਂ ਦੀ ਸਲਾਨਾ ਪ੍ਰੀਖਿਆ ਦੇ ਨਤੀਜਿਆਂ ਵਿੱਚ ਜੋੜਿਆ ਜਾਵੇਗਾ।

ਖ.	ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚੋਂ ਪੜ੍ਹਣ ਲਈ ਜਾਰੀ ਕੀਤੀਆਂ ਜਾਣ ਅਤੇ ਪੜ੍ਹੀਆਂ ਕਿਤਾਬਾਂ ਸਬੰਧੀ ਵਿਦਿਆਰਥੀ ਆਪਣੀ ਟਿੱਪਣੀ ਜਰੂਰ ਲਿਖ ਕੇ ਲਿਆਉਣ।

ਗ.	ਨੈਤਿਕ ਕਦਰਾਂ ਕੀਮਤਾਂ ਸਬੰਧੀ ਕੋਈ ਕਹਾਣੀ, ਕਵਿਤਾ, ਲੇਖ ਘਰੋਂ ਲਿਖ ਕੇ ਲਿਆਉਣ ਲਈ ਵਿਦਿਆਰਥੀਆਂ ਨੂੰ ਕਿਹਾ ਜਾਵੇ।

ਘ.	ਜਿਸ ਵਿਦਿਆਰਥੀ ਨੇ ਸਭ ਤੋਂ ਜਿਆਦਾ ਕਿਤਾਬਾਂ ਛੁੱਟੀਆਂ ਦੌਰਾਨ ਪੜ੍ਹੀਆਂ ਹੋਣ ਉਹਨਾਂ ਵਿਦਿਆਰਥੀਆਂ ਦੇ ਨਾਂ, ਅਧਿਆਪਕਾਂ ਦੁਆਰਾ ਸਕੂਲ ਰਿਕਾਰਡ ਵਿੱਚ ਜਰੂਰ ਰੱਖੇ ਜਾਣ ਅਤੇ ਸਵੇਰ ਦੀ ਸਭਾ ਦੌਰਾਨ ਉਨ੍ਹਾਂ ਦਾ ਜਿਕਰ ਜਰੂਰ ਕੀਤਾ ਜਾਵੇ।

4.0	ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ